ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
Directorate, Department of Local Govt. Punjab
PUNJAB MUNICIPAL BHAWAN, PLOT NO:- 3,
SECTOR 35-A, CHANDIGARH - 160 022
(ACCOUNTS BRANCH)

ਨੰ: ਲੇਖਾ-2-ਉਕਵਲ-ਡਸਸ-18/ 13048-248
ਮਿਤੀ 27-02-18

Fax. 0172 2661062
E-mail: dcfalg35@gmail.com

ਸੇਵਾ ਵਿਖੇ,

1. ਸਮੂਹ ਕਮਿਸ਼ਨਰਜ, ਨਗਰ ਨਿਗਮ (ਪੰਜਾਬ ਰਾਜ ਵਿੱਚ)।
2. ਸਮੂਹ ਰਿਜਨਲ ਡਿਪਟੀ ਡਾਇਰੈਕਟਰਜ, ਸਥਾਨਕ ਸਰਕਾਰ (ਪੰਜਾਬ ਰਾਜ ਵਿੱਚ)।
3. ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲ/ਨਗਰ ਪੰਚਾਇਤ (ਪੰਜਾਬ ਰਾਜ ਵਿੱਚ)
4. ਸਮੂਹ ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰਸਟ (ਪੰਜਾਬ ਰਾਜ ਵਿੱਚ)।
5. ਸਮੂਹ ਸੁਪਰਡੰਟ, ਡਾਇਰੈਕਟੋਰੇਟ ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

ਵਿਸਾ :- **ਸਪਸ਼ਟੀਕਰਨ-ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਵਿੱਚ ਨਿਊ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ।**

ਉਪਰੋਕਤ ਵਿਸੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ, ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: (ਵਿੱਤ ਪੈਨਸਨ ਪਾਲਿਸੀ ਅਤੇ ਤਾਲਮੇਲ ਸਾਖਾ) ਪੱਤਰ ਨੰ: 5/44/2012-5 ਵਿਪਪਤ/758 ਮਿਤੀ 09.07.2012 ਅਤੇ ਪੱਤਰ ਨੰ: 5/44/2012-5 ਵਿਪਪਤ/350 ਮਿਤੀ 23.02.2017 ਵੱਲ ਦਵਾਉਂਦੇ ਹੋਏ ਦੱਸਿਆ ਜਾਂਦਾ ਹੈ ਕਿ ਵਿੱਤ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਵਿੱਚ ਨਵੀਂ ਪੈਨਸ਼ਨ ਸਕੀਮ ਲਾਜਮੀ ਤੌਰ ਤੇ ਲਾਗੂ ਕੀਤੀ ਗਈ ਹੋਈ ਹੈ ਪਰੰਤੂ ਇਹ ਸਕੀਮ ਕਿਸ ਮਿਤੀ ਤੋਂ ਲਾਗੂ ਕੀਤੀ ਜਾਵੇ ਬਾਰੇ ਵੱਖ-ਵੱਖ ਸਥਾਨਕ ਸੰਸ਼ਥਾਵਾਂ ਵੱਲੋਂ ਸਪਸ਼ਟੀਕਰਨ ਮੰਗੇ ਜਾ ਰਹੇ ਹਨ।

ਇਸ ਸਬੰਧ ਵਿੱਚ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪੈਨਸਨ ਪਾਲਿਸੀ ਅਤੇ ਤਾਲਮੇਲ ਸਾਖਾ) ਦੇ ਪੱਤਰ ਨੰ: 5/44/2012-5 ਵਿਪਪਤ/1173/1 ਮਿਤੀ 13.10.2017 ਜੋ ਕਿ ਇਸ ਵਿਭਾਗ ਦੇ ਪੱਤਰ ਪਿੱਠ ਅੰਕਣ ਨੰ: ਲੇਖਾ-2-ਉਕਵਲ-ਡਸਸ-17/71981-72197 ਮਿਤੀ 22.11.2017 ਰਾਹੀਂ ਸਮੂਹ ਸਥਾਨਕ ਸੰਸਥਾਵਾਂ ਨੂੰ ਜਾਰੀ ਕੀਤਾ ਗਿਆ ਹੈ, ਦੇ ਸਨਮੁੱਖ ਦੱਸਿਆ ਜਾਂਦਾ ਹੈ ਕਿ ਇਸ ਵਿਭਾਗ ਦੇ ਪੱਤਰ ਨੰ: ਲੇਖਾਕਾਰ-3-ਉਕਵਲ-ਡਸਸ-11/13642-822 ਮਿਤੀ 25.04.2011 ਰਾਹੀਂ ਸਮੂਹ ਸਥਾਨਕ ਸੰਸਥਾਵਾਂ ਤੇ ਮਿਤੀ 01.01.2004 ਤੋਂ ਬਾਅਦ ਰੈਗੂਲਰ ਤੌਰ ਤੇ ਭਰਤੀ ਹੋਏ ਕਰਮਚਾਰੀਆਂ/ਅਧਿਕਾਰੀਆਂ ਤੇ ਨਵੀਂ ਪੁਨਰ ਗਠਿਤ ਪ੍ਰਭਾਸ਼ਿਤ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਚੁੱਕੀ ਹੈ। ਇਸ ਤੋਂ ਬਾਅਦ ਡਿਟੇਲਡ ਸਕੀਮ (Detailed Scheme) ਦੀ ਕਾਪੀ ਇਸ ਦਫਤਰ ਦੇ ਪੱਤਰ ਨੰ: Cashier-DCFA-DLG-13/43176-178 ਮਿਤੀ 24.12.2013 ਰਾਹੀਂ ਸਰਕੂਲੇਟ (Circulate) ਕੀਤੀ ਜਾ ਚੁੱਕੀ ਹੈ।

ਇਸ ਤਰਾਂ ਸਮੂਹ ਸਥਾਨਕ ਸੰਸਥਾਵਾਂ ਤੇ ਇਹ ਸਕੀਮ ਮਿਤੀ 01.01.2004 ਤੋਂ ਲਾਗੂ ਕੀਤੀ ਜਾ ਚੁੱਕੀ ਹੈ ਅਤੇ ਇਹ ਸਕੀਮ ਮਿਤੀ 01.01.2004 ਤੋਂ ਹੀ ਲਾਗੂ ਮੰਨੀ ਜਾਵੇਗੀ।

ਇਸ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਉਪ-ਕੰਟਰੋਲਰ (ਵਿੱਤ ਤੇ ਲੇਖਾ)
ਵਾਸਤੇ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ

ਪਿੱਠ ਅੰਕਣ ਨੰ:ਲੇਖਾ-2-ਉਕਵਲ-ਡਸਸ-18/ 13249-50 ਮਿਤੀ: 27-02-18

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪ੍ਰੀਖਿਅਕ ਸਥਾਨਕ ਫੰਡ ਲੇਖਾ, ਪੰਜਾਬ, ਵਿੱਤ ਤੇ ਯੋਜਨਾਂ ਭਵਨ, ਪਲਾਟ ਨੰ: 2-ਬੀ ਸੈਕਟਰ-33-ਏ, ਚੰਡੀਗੜ੍ਹ ।
2. ਜੁਆਇੰਟ ਡਾਇਰੈਕਟਰ, (ਵਿੱਤ ਤੇ ਲੇਖਾ) ਡਾਇਰੈਕਟੋਰੇਟ ਆਫ ਪਬਲਿਕ ਇੰਟਰਪ੍ਰਾਇਜ ਐਂਡ ਡਿਸਇਨਵੈਸਟਮੈਂਟ, ਪਲਾਟ ਨੰ: 2-ਬੀ, ਸੈਕਟਰ-33-ਏ, ਚੰਡੀਗੜ੍ਹ।

ਉਪ-ਕੰਟਰੋਲਰ (ਵਿੱਤ ਤੇ ਲੇਖਾ)
ਵਾਸਤੇ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ